# ਜੱਟਾ! ਤੇਰੀ ਜੂਨ ਬੁਰੀ

### -ਪੇਸ਼ਕਸ਼ ਅਮਰਦੀਪ ਸਿੰਘ ਅਮਰ

ਜੇ ਮੈਂ ਕਹਾਂ!
'ਜੱਟਾ ਤੇਰੀ ਜੂਨ ਬੁਰੀ' ਤਾਂ ਬਹੁਤਾ ਵੱਟ ਨਾ ਖਾਈਂ
ਕਿਉਂਕਿ ਬਿਨ ਹਥਿਆਰ ਦੇ ਸੂਰਮਾ ਕੁਝ ਨਹੀਂ ਕਰ ਸਕਦਾ
ਘੁਣ ਖਾਧੀ ਸੰਮਾਂ ਵਾਲੀ ਡਾਂਗ
ਤਾਂ ਤੂੰ ਉਸ ਦਿਨ ਆਪਣੀ ਘਰ ਵਾਲੀ 'ਤੇ ਹੀ ਤੋੜ ਦਿੱਤੀ ਸੀ
ਜਿਸ ਦਿਨ ਤੇਰੇ ਬੱਗੇ ਬਲਦ ਦਿਆਂ ਘੁੰਗਰੂਆਂ ਵੱਟੇ
ਉਸ ਨੇ ਲੂਣ ਵਟਾ ਲਿਆ ਸੀ
ਖੇਤਾਂ ਦਿਆ ਰਾਜਿਆ!
ਅੱਜ ਕੱਲ੍ਹ ਹਰ ਬਾਗ਼ ਦੀ ਮੂਲੀ ਤੈਨੂੰ ਟੀਟ ਚੁਘਾਉਂਦੀ ਹੈ
ਗਾਜਰਾਂ ਦੀ ਭਰੀ ਹੋਈ ਤੇਰੀ ਬੋਰੀ ਦਾ ਮੁੱਲ
ਸਾਢੇ ਚਾਰ ਰੁਪਏ ਪੈਂਦਾ ਏ
ਜਦੋਂ ਤੇਰੇ ਪਿੰਡ ਦੀ ਮਾਸਟਰਾਣੀ
ਸਕੂਟਰੀ ਦੀ ਟੀਂ-ਟੀਂ ਵਜਾਉਂਦੀ
ਤੇਰੇ ਗੱਡੇ ਤੋਂ ਅੱਗੇ ਲੰਘ ਜਾਂਦੀ ਹੈ
ਤਾਂ ਉਦੋਂ ਤੂੰ ਆਪਣੇ ਢੱਗਿਆਂ ਨੂੰ
ਧੈਹੋ-ਧੈਅ ਕੁੱਟਣ ਲੱਗ ਪੈਂਦਾ ਏਂ
ਪਰ ਉਹ ਫਿਰ ਵੀ ਆਪਣਾ ਗੇਅਰ ਨਹੀਂ ਬਦਲਦੇ
ਤੇਰੇ ਗਵਾਂਢੀ ਸਰਕਾਰੀ ਕਰਮਚਾਰੀ ਦੇ ਚੁਬਾਰੇ ਉੱਤੇ ਲੱਗੀ
ਟੈਲੀਵੀਜ਼ਨ ਦੀ ਛਤਰੀ ਉੱਤੇ ਬੈਠਣ ਵਾਲਾ ਚੁਗਲ
ਤੇਰੀ ਰਾਤ ਦੀ ਨੀਂਦ ਹਰਾਮ ਕਰ ਜਾਂਦਾ ਹੈ
ਜਦੋਂ ਪਿੰਡ ਵਾਲਾ ਵਲੈਤੀਆ
ਤੈਨੂੰ ਫਤਹਿ ਬੁਲਾਉਣ ਪਿੱਛੋਂ ਤੇਰੇ ਖੇਤਾਂ ਦਾ ਭਾਅ ਪੁੱਛਦਾ ਏ
ਤਾਂ ਤੇਰੇ ਸਿਰ ਵਿਚ ਭੂਚਾਲ ਆ ਜਾਂਦਾ ਹੈ
ਮੱਖਣ ਦੇ ਪਿੰਨੇ, ਲੱਸੀ ਦੀਆਂ ਚਾਟੀਆਂ, ਘਿਉ ਦੇ ਪੀਪੇ
ਹੁਣ ਮੋਇਆਂ ਵਾਂਗ ਸਿਰਫ਼ ਸੁਪਨੇ ਵਿਚ ਮਿਲਦੇ ਹਨ
ਜੁਆਕਾਂ ਦੇ ਸੁੱਤਿਆਂ ਜਦੋਂ ਤੂੰ ਮੀਣੀ ਮੱਝ ਦਾ ਦੁੱਧ ਸੂਤ ਕੇ
ਦੋਧੀ ਦੇ ਢੋਲਾਂ ਵਿਚ ਵਿਚ ਪਾ ਰਿਹਾ ਹੁੰਦੈਂ
ਤਾਂ ਐਨ ਓਸ ਵੇਲੇ ਤੈਥੋਂ ਚੋਰੀ ਤੇਰੀ ਘਰ ਵਾਲੀ
ਆਪਣੀ ਤਿੱਲੇ ਦੀ ਤਾਰ ਵਰਗੀ ਤਾਰੋ ਲਈ
ਦਸਤੀ ਦੀ ਚਾਦਰ ਖਰੀਦਣ ਖ਼ਾਤਰ
ਬਾਣੀਏ ਦਾ ਕਣਕ ਦਾ ਬੋਰਾ ਭਰ ਰਹੀ ਹੁੰਦੀ ਹੈ
ਦੁਬਈ ਤੋਂ ਪਰਤੇ ਸੀਰੀ ਦੇ ਘਰ
ਜਦੋਂ ਤੂੰ ਭਾੜੇ ਦੀਆਂ ਇੱਟਾਂ ਸੁੱਟਣ ਜਾਨੈ
ਤਾਂ ਉਥੇ ਤੂੰ ਆਪਣੇ ਆਪ ਨੂੰ
ਉਸ ਦੀ ਟੇਪ ਵਿਚ ਚੱਲ ਰਹੀਆਂ
'ਮਾਈ ਮੋਹਣੋ' ਦੀਆਂ ਟਿਕਚਰਾਂ ਦਾ ਪਾਤਰ ਸਵੀਕਾਰ ਕਰ ਲੈਂਦੇ
ਤੇ ਜਦ ਭਾੜੇ ਦੇ ਟਕੇ ਤੇਰੇ ਹੱਥਾਂ 'ਤੇ ਡਿਗਦੇ ਹਨ

ਤਾਂ ਉਹ ਤੇਰੀਆਂ ਅੱਟਣਾਂ ਵਾਲੀਆਂ ਹਥੇਲੀਆਂ ’ਚ
ਮੋਰੀਆਂ ਕਰ ਜਾਂਦੇ ਹਨ
ਤੇਰੇ ਖੇਤਾਂ ਵਿਚ ਵਗਦੇ ‘ਚੋਅ’ ਵਿਚੋਂ
ਫੈਕਟਰੀ ਦਾ ਤੇਜ਼ਾਬੀ ਪਾਣੀ ਪੀਣ ਨਾਲ
ਜਦੋਂ ਤੇਰਾ ਗੋਰਾ ਬਲਦ ਦਮ ਤੋੜ ਗਿਆ ਸੀ
ਤਾਂ ਫੈਕਟਰੀ ਦਾ ਧੂੰਆਂ ਤੇਰੇ ਨੱਕ ਤੇ ਅੱਖਾਂ ਵਿਚ
ਮਿਰਚਾਂ ਵਾਂਗ ਲੜਿਆ ਸੀ
ਤੇ ਪੰਜਾਲੀ ਦਾ ਖਾਲੀ ਅੱਧਾ
ਤੇਰੇ ਅੱਗੇ ਤਾਂਡਵ ਵਾਂਗ ਨੱਚਿਆ ਸੀ
ਲਾਸ਼ ਦੇ ਕੋਲ ਬੈਠਾ ਹੀ ਤੂੰ
ਇਕ ਸਵਾਲ ਕੱਢਣ ਲੱਗ ਪਿਆ ਸੈਂ
ਤੇਰੇ ਹੱਥ ਦਾ ਅੰਗੂਠਾ ਤੇਰੀਆਂ ਉਂਗਲਾਂ ਦਿਆਂ ਪੋਟਿਆਂ ’ਤੇ
ਬੜੀ ਤੇਜੀ ਨਾਲ ਦੌੜਨ ਲੱਗ ਪਿਆ ਸੀ
ਤੇ ਤੇਰੇ ਸਵਾਲ ਦਾ ਜਵਾਬ
ਤੇਰੇ ਪੜਦਾਦੇ ਦਾ ਸੌਂਫੀਆ ਅੰਬ ਬਣਿਆ ਸੀ
ਜਿਸ ਵਕਤ ਇਹ ਜਠੇਰਾ ਬਿਰਖ
ਲੱਕ ਟੁਨੂੰ-ਟੁਨੂੰ ਹੋ ਕੇ ਦਹਾੜਦਾ ਹੋਇਆ ਢਿਹਾ ਸੀ
ਤਾਂ ਤੂੰ ਆਪਣੇ ਕੰਨਾਂ ਵਿਚ ਉਂਗਲਾਂ ਤੁੰਨ ਦਿੱਤੀਆਂ ਸਨ
ਤੇ ਤੂੰ ਕਈ ਦਿਨ ਖੇਤਾਂ ਵੱਲ ਮੂੰਹ ਨਹੀਂ ਸੀ ਕਰ ਸਕਿਆ
ਕਹਿਣ ਨੂੰ ਤਾਂ ਸਰਕਾਰੀ ਤੂਤੀ ਤੇਰੇ ਕੰਨਾਂ ਵਿਚ
ਕਰਜਿਆਂ ਦੇ ਗੱਫਿਆਂ ਦੀ ਡੰਡ ਪਾਉਂਦੀ ਐ
ਪਰ ਜਦੋਂ ਤੂੰ ਪੀਲਾ ਕਾਰਡ ਲੈ ਕੇ
ਉੱਚੀ ਕੁਰਸੀ ਅੱਗੇ ਪੇਸ਼ ਹੁੰਦਾ ਏ
ਤਾਂ ਭਲਾਈ ਅਫ਼ਸਰ ਤੈਨੂੰ ਵੀਹ ਨੁਕਤੇ ਗਿਣਾ
ਤੇਰੇ ਕਰਜੇ ਵਿਚੋਂ ਆਪਣੇ ਹਿੱਸੇ ਦੀ ਗੱਲ ਕਰਦਾ ਹੈ
ਉਦੋਂ ਤੇਰਾ ਰੰਗ ਪੀਲੇ ਕਾਰਡ ਤੋਂ ਵੀ ਵੱਧ ਫੱਕ ਹੋ ਜਾਂਦਾ ਹੈ
ਤੇ ਤੂੰ ਸ਼ਾਮੂ ਸ਼ਾਹ ਨੂੰ ਮੁੜ ਆਪਣੀ ਪੱਤ ਦਾ ਰਾਖਾ ਸਮਝ
ਉਸ ਦੇ ਘਰ ਜਾ ਵੜਦਾ ਹੈਂ ਤੇ ਉਸ ਦੀ ਵਹੀ ਵਿਚ
ਆਪਣੇ ਪਿਤਾ ਪੁਰਖਿਆਂ ਵਾਂਗ
ਆਪਣੇ ਅੰਗੂਠੇ ਦੀਆਂ ਵਿੰਗੀਆਂ ਟੇਢੀਆਂ ਲਕੀਰਾਂ
ਗਹਿਣੇ ਧਰ ਆਉਂਦਾ ਹੈ
ਹੋਰ ਤਾਂ ਹੋਰ ਨੀਲੀ ਛਤਰੀ ਵਾਲਾ ਵੀ
ਅਕਸਰ ਤੇਰੇ ਨਾਲ ਤੈਨੂੰ ਆਪਣੇ ਹਾਣ ਦਾ ਸਮਝ ਮਖੌਲ ਕਰਦਾ ਹੈ
ਕਦੇ ਉਹ ਤੇਰੀ ਸਿਰੋਂ ਭਾਰੀ ਹੋਈ ਕਣਕ ਦੀ ਫਸਲ ’ਤੇ ਚਾਂਦਮਾਰੀ ਕਰਦਾ ਏ
‘ਉੱਤਮ ਖੇਤੀ ਮੱਧਮ ਵਪਾਰ...’ ਵਾਲੀ ਗੱਲ
ਹੁਣ ਤੈਨੂੰ ਚਮਗਿੱਦੜ ਵਾਂਗ ਪੁੱਠੀ ਲਟਕੀ ਨਜ਼ਰ ਆਉਂਦੀ ਹੈ
ਭੋਲਿਆ ਨਾਥਾ!
ਤੂੰ ਹਰ ਵਾਰ ਨਵੇਂ ਚੋਣ ਨਿਸ਼ਾਨ ਪਿੱਛੇ ਲੱਗ
ਇਲੈਕਸ਼ਨ ਲੜਦੈਂ ਤੇ ਜਿੱਤਦਾ ਵੀ ਹੈਂ
ਪਰ ਹਾਲੀ ਤੂੰ ਜਿੱਤ ਦਾ ਜਸ਼ਨ ਮਨਾ ਹੀ ਰਿਹਾ ਹੁੰਦੈਂ
ਜਦੋਂ ਤੇਰੇ ਕੰਨੀ ਭਿਣਕ ਪੈਂਦੀ ਹੈ
ਕਿ ਤੂੰ ਪੰਜ ਸਾਲ ਲਈ ਹੋਰ ਹਾਰ ਗਿਐਂ

ਭਲਿਆ ਲੋਕਾ!
ਤੂੰ ਤਾਂ ਸਮਝ ਬੈਠਾ ਸੀ ਕਿ ਤੇਰੇ ਤੇ ਤੇਰੇ ਭਰਾਵਾਂ ਵੱਲੋਂ
ਮਹਾਂਨਗਰ ਵਿਚ ਦਸ ਦਿਨ ਛਾਉਣੀ ਪਾਉਣ ਨਾਲ
ਤੇਰਾ ਸ਼ਮਲਾ ਲੰਬ-ਕੋਣ 'ਤੇ ਖੜ੍ਹ ਜਾਏਗਾ
ਤੇ ਤੇਰੀ ਜੱਟੀ ਸਿਰ ਜੌਰ ਜੱਟ ਦੀ ਚੁੰਨੀ ਲਹਿਰਾਏਗੀ
ਤੇ ਬਿਜਲੀ ਤੈਨੂੰ ਕਰੰਟ ਮਾਰਨ ਤੋਂ ਬਾਜ਼ ਆ ਜਾਵੇਗੀ
ਤੇ ਲੋਕਾਈ ਤੇਰੇ ਮੁੜਕੇ ਤੇ ਪਾਣੀ ਦੇ ਤੁਪਕਿਆਂ ਵਿਚ
ਫਰਕ ਮੰਨ ਲਏਗੀ
ਪਰ ਮੇਰਿਆ ਮਹਿੰਗਿਆ ਵੀਰਾ!
ਤੂੰ ਨਹੀਂ ਜਾਣਦਾ ਕਿ ਬਿੱਲੀ ਨੂੰ
ਤੇਰੀ ਸਾਰੀ ਦੀ ਸਾਰੀ ਰੋਟੀ
ਖਾ ਜਾਣ ਦੇ ਦਾਅ-ਪੇਚ
ਜਿਉਂ ਦੇ ਤਿਉਂ ਯਾਦ ਹਨ
ਸ਼ੇਰ ਬੱਚਿਆ!
ਸਉਣ-ਭਾਦੋਂ ਦੀ ਧੁੱਪ ਤਾਂ ਤੈਨੂੰ ਡਰਾ ਨਾ ਸਕੀ
ਪਰ ਮੈਨੂੰ ਖੜਕ ਗਈ ਹੈ ਇਸ ਬੇਦਰਦ ਮੌਸਮ ਦੇ
ਕੱਕਰ ਤੋਂ ਤੂੰ ਬਚ ਨਹੀਂ ਸਕੇਂਗਾ
ਜ਼ਰੂਰ ਲੂਸਿਆ ਜਾਏਂਗਾ
ਤੇ ਅਗਲੀ ਵਾਰ ਜਦੋਂ ਆਪਾਂ ਟੱਕਰੇ
ਤਾਂ ਤੂੰ ਜ਼ਰੂਰ ਸਾਧ ਹੋ ਚੁੱਕਾ ਹੋਵੇਂਗਾ...।